ਸਤਿਗੁਰੂ

ਨਿਸ਼ਾਨੀਆਂ ਤੇ ਮਿਲਾਪ ਦਾ ਲਾਭ

(ਲੇਖਕ: ਡਾ: ਕਰਤਾਰ ਸਿੰਘ)

ਗੁਰਮਤਿ ਵਿੱਚ ਸਤਿਗੁਰੂ ਪਦ ਉਸ ਦੇਹ ਲਈ ਵਰਤਿਆ ਹੈ ਜਿਸ ਦੇਹ ਵਿੱਚ ਨਿਰੰਕਾਰ ਆਪ ਸਮਾ ਕੇ ਸ਼ਬਦ ਵਰਤਾਉਂਦੇ ਹਨ।

- ਗੁਰ ਮਹਿ ਆਪੁ ਸਮੋਇ ਸਬਦੁ ਵਰਤਾਇਆ॥ (੧੨੭੯)

- ਗੁਰ ਮਹਿ ਆਪੁ ਰਖਿਆ ਕਰਤਾਰੇ॥ (੧੦੨੪)

- ਸਤਿਗੁਰ ਵਿਚਿ ਆਪਿ ਵਰਤਦਾ ਹਰਿ ਆਪੇ ਰਖਣਹਾਰੁ॥ (੩੦੨)

- ਸਤਿਗੁਰ ਵਿਚਿ ਆਪੁ ਰਖਿਓਨੁ ਕਰਿ ਪਰਗਟੁ ਆਖਿ ਸੁਣਾਇਆ॥ (੪੬੬)

ਸਿੱਧ ਹੋਇਆ ਹੈ ਕਿ ਨਿਰੰਕਾਰ ਜੀ ਆਪਣਾ ਰੱਬੀ ਉਪਦੇਸ਼ ਸਤਿਗੁਰੂ ਵਿੱਚ ਆਪ ਵਰਤ ਕੇ ਫੁਰਮਾਉਂਦੇ ਹਨ। ਐਸਾ ਸਤਿਗੁਰੂ ਕੌਣ ਹੈ ਅਤੇ ਉਸ ਦੇ ਲੱਛਣ ਕੀ ਹਨ? ਉੱਤਰ ਵਿੱਚ ਗੁਰਮਤਿ ਫੁਰਮਾਉਂਦੀ ਹੈ ਕਿ ਜਿਸ ਨੇ, ਸਤਿ ਪੁਰਖ ਨੂੰ ਜਾਣ ਲਿਆ ਹੈ, ਉਸਦਾ ਨਾਮ ਸਤਿਗੁਰੂ ਹੈ। ਉਸਦੇ ਸੰਗ ਨਾਲ ਸਿੱਖ ਦਾ ਉਧਾਰ ਹੁੰਦਾ ਹੈ, ਹਰੀ ਦੇ ਗੁਣ ਗਾ ਕੇ।

- ਸਤਿ ਪੁਰਖੁ ਜਿਨਿ ਜਾਨਿਆ ਸਤਿਗੁਰੁ ਤਿਸ ਕਾ ਨਾਉ॥
ਤਿਸ ਕੈ ਸੰਗਿ ਸਿਖੁ ਉਧਰੈ ਨਾਨਕ ਹਰਿ ਗੁਨ ਗਾਉ॥ (੨੮੬)

- ਸੋ ਸਤਿਗੁਰੁ ਜਿਸੁ ਰਿਦੈ ਹਰਿ ਨਾਉ॥ ਅਨਿਕ ਬਾਰ ਗੁਰ ਕਉ ਬਲਿ ਜਾਉ॥
ਸਰਬ ਨਿਧਾਨ ਜੀਅ ਕਾ ਦਾਤਾ॥ ਆਠ ਪਹਰ ਪਾਰਬ੍ਰਹਮ ਰੰਗਿ ਰਾਤਾ॥
ਬ੍ਰਹਮ ਮਹਿ ਜਨੁ ਜਨ ਮਹਿ ਪਾਰਬ੍ਰਹਮੁ॥ ਏਕਹਿ ਆਪਿ ਨਹੀ ਕਛੁ ਭਰਮੁ॥ (੨੮੭)

ਸਤਿਗੁਰੂ ਉਹ ਹੈ ਜਿਸ ਦੇ ਹਿਰਦੇ ਵਿੱਚ ਹਰੀ ਦਾ ਨਾਉਂ ਹੈ। ਐਸੇ ਗੁਰੂ ਤੋਂ ਅਨਿਕ ਬਾਰ ਬਲਿਹਾਰ ਜਾਂਦਾ ਹਾਂ। ਐਸਾ ਸਤਿਗੁਰ ਸਾਰੇ ਪਦਾਰਥਾਂ ਦਾ ਭੰਡਾਰ ਹੈ, ਜੀਅ ਦਾਨ ਦੇਣ ਵਾਲਾ ਦਾਤਾ ਹੈ, ਅਠੇ ਪਹਿਰ ਪਾਰਬ੍ਰਹਮ ਦੇ ਪਿਆਰ ਵਿੱਚ ਰੱਤਿਆ ਰਹਿੰਦਾ ਹੈ। ਜਨ ਵਿੱਚ ਬ੍ਰਹਮ ਅਤੇ ਬ੍ਰਹਮ ਵਿੱਚ ਜਨ, ਇੱਕੋ ਹੀ ਹਨ, ਕੋਈ ਭਰਮ ਨਹੀਂ।

- ਸੋਈ ਸਤਿਗੁਰੁ ਪੁਰਖੁ ਹੈ ਜਿਨਿ ਪੰਜੇ ਦੂਤ ਕੀਤੇ ਵਸਿ ਛਿਕੇ॥ (੩੦੪)

ਸਤਿਗੁਰੂ ਉਹੀ ਹੈ ਜਿਸ ਨੇ ਪੰਜੇ ਦੂਤ (ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ) ਪੱਕੀ ਤਰ੍ਹਾਂ ਵੱਸ ਕਰ ਲਏ ਹਨ।

- ਬ੍ਰਹਮੁ ਬਿੰਦੇ ਸੋ ਸਤਿਗੁਰੁ ਕਹੀਐ ਹਰਿ ਹਰਿ ਕਥਾ ਸੁਣਾਵੈ॥ (੧੨੬੪)

ਜੋ ਬ੍ਰਹਮ ਨੂੰ ਜਾਣ ਲਏ ਉਸ ਨੂੰ ਸਤਿਗੁਰੂ ਕਹੀਦਾ ਹੈ, ਉਹੀ ਹਰੀ ਦੀ ਕਥਾ ਸੁਣਾਉਂਦਾ ਹੈ।

- ਸਤਿਗੁਰੁ ਸਿਖ ਕੀ ਕਰੈ ਪ੍ਰਤਿਪਾਲ॥ ਸੇਵਕ ਕਉ ਗੁਰੁ ਸਦਾ ਦਇਆਲ॥
ਸਿਖ ਕੀ ਗੁਰੁ ਦੁਰਮਤਿ ਮਲੁ ਹਿਰੈ॥ ਗੁਰ ਬਚਨੀ ਹਰਿ ਨਾਮੁ ਉਚਰੈ॥
ਸਤਿਗੁਰੁ ਸਿਖ ਕੇ ਬੰਧਨ ਕਾਟੈ॥ ਗੁਰ ਕਾ ਸਿਖੁ ਬਿਕਾਰ ਤੇ ਹਾਟੈ॥

ਸਤਿਗੁਰੁ ਸਿਖ ਕਉ ਨਾਮ ਧਨੁ ਦੇਇ॥ ਗੁਰ ਕਾ ਸਿਖੁ ਵਡਭਾਗੀ ਹੇ॥
ਸਤਿਗੁਰੁ ਸਿਖ ਕਾ ਹਲਤੁ ਪਲਤੁ ਸਵਾਰੈ॥ ਨਾਨਕ ਸਤਿਗੁਰੁ ਸਿਖ ਕਉ ਜੀਅ ਨਾਲਿ ਸਮਾਰੈ॥ (੨੮੬)

ਭਾਵ, ਸਤਿਗੁਰੂ ਸਿੱਖ ਦੀ ਪ੍ਰਤਿਪਾਲਣਾ ਕਰਦਾ ਹੈ ਅਤੇ ਸੇਵਕ ਤੇ ਸਦਾ ਦਿਆਲ ਰਹਿੰਦਾ ਹੈ। ਸਤਿਗੁਰੂ ਸਿੱਖ ਨੂੰ ਨਾਮ-ਧਨ ਦਿੰਦਾ ਹੈ ਅਤੇ ਐਸਾ ਸਿੱਖ ਵੱਡੇ ਭਾਗਾਂ ਵਾਲਾ ਹੈ। ਸਤਿਗੁਰੂ ਸਿੱਖ ਦਾ ਲੋਕ-ਪ੍ਰਲੋਕ ਸਵਾਰਦਾ ਹੈ। ਹੇ ਨਾਨਕ! ਸਤਿਗੁਰੂ ਸਿੱਖ ਨੂੰ ਆਪਣੇ ਜੀਅ ਨਾਲ ਰੱਖਦਾ ਹੈ।

ਪੂਰੇ ਸਤਿਗੁਰੂ ਦੇ ਮਿਲਾਪ ਦੀ ਨਿਸ਼ਾਨੀ ਕੀ ਹੈ?

- ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ॥ (੧੬੮)

- ਸੋ ਗੁਰੁ ਕਰਉ ਜਿ ਸਾਚੁ ਦ੍ਰਿੜਾਵੈ॥ ਅਕਥੁ ਕਥਾਵੈ ਸਬਦਿ ਮਿਲਾਵੈ॥ (੬੮੬)

- ਘਰ ਮਹਿ ਘਰੁ ਦੇਖਾਇ ਦੇਇ ਸੋ ਸਤਿਗੁਰੁ ਪੁਰਖੁ ਸੁਜਾਣੁ॥
ਪੰਚ ਸਬਦ ਧੁਨਿਕਾਰ ਧੁਨਿ ਤਹ ਬਾਜੈ ਸਬਦੁ ਨੀਸਾਣੁ॥
ਦੀਪ ਲੋਅ ਪਾਤਾਲ ਤਹ ਖੰਡ ਮੰਡਲ ਹੈਰਾਨੁ॥
ਤਾਰ ਘੋਰ ਬਾਜਿੰਤ੍ਰ ਤਹ ਸਾਚਿ ਤਖਤਿ ਸੁਲਤਾਨੁ॥ (੧੨੯੧)

ਜਿਸ ਸਤਿਗੁਰੂ ਦੇ ਮਿਲਾਪ ਨਾਲ ਮਨ ਦੀ ਦੁਬਿਧਾ ਦੂਰ ਨਹੀਂ ਹੁੰਦੀ, ਪ੍ਰਭੂ ਮਿਲਾਪ ਨਹੀਂ ਹੁੰਦਾ, ਦਹਿ ਦਿਸ਼ਾ ਵਿੱਚ ਧਾਉਂਦਾ ਮਨ ਟਿਕ ਕੇ ਨਹੀਂ ਬਹਿੰਦਾ, ਮਾਇਆ ਮਮਤਾ ਦੂਰ ਨਹੀਂ ਹੁੰਦੀ, ਕਾਮ ਕ੍ਰੋਧ, ਲੋਭ, ਮੋਹ ਅਭਿਮਾਨ ਦੂਰ ਨਹੀਂ ਹੁੰਦੇ, ਤ੍ਰਿਸ਼ਨਾ ਦੂਰ ਨਹੀਂ ਹੁੰਦੀ, ਮਨ ਦਾ ਟਿਕਾਉ ਨਹੀਂ ਬੱਝਦਾ, ਪੰਜ ਸ਼ਬਦ ਨਹੀਂ ਵੱਜਦੇ, ਐਸਾ ਸਤਿਗੁਰੂ ਨਾਮ-ਧਰੀਕ ਸਤਿਗੁਰੂ ਹੈ, ਪਾਖੰਡੀ ਹੈ।

ਹੁਣ ਵਿਚਾਰ ਇਹ ਬਣਦੀ ਹੈ ਕਿ ਸਤਿਗੁਰੂ ਜਗਿਆਸੂ ਨੂੰ ਕਿਸ ਦੇ ਲੜ ਲਾਉਂਦਾ ਹੈ। ਆਪਣੀ ਦੇਹ ਪੂਜਾ ਵੱਲ ਜਾਂ ਨਿਰੰਕਾਰ ਦੇ ਸ਼ਬਦ ਨਾਲ? ਸ਼ਬਦ ਗੁਰੂ ਸਦਾ ਹੀ ਕਾਇਮ ਰਹਿੰਦਾ ਹੈ। ਸ਼ਬਦ ਦਾ ਇੱਥੇ ਅਰਥ ਹੈ ਗਿਆਨ। ਗੁਰੂ ਨਾਨਕ ਪਾਤਸ਼ਾਹ ਜੀ ਦਾ ਗੁਰੂ ਸ਼ਬਦ ਸੀ।

- ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ (੯੪੩)

"ਗੁਰਬਾਣੀ ਗੁਰੂ ਕਿਵੇਂ ਹੈ?" ਇਸ ਵਿਸ਼ੇ ਦੀ ਵੱਖਰੇ ਸਿਰਲੇਖ ਹੇਠ ਵਿਚਾਰ ਕੀਤੀ ਜਾਵੇਗੀ। ਸਤਿਗੁਰੂ ਦੀ ਦੇਹ ਬਿਨਸਨਹਾਰ ਹੈ ਪਰ ਸਤਿਗੁਰੂ ਦਾ ਸ਼ਬਦ ਬਿਨਸਨਹਾਰ ਨਹੀਂ। ਉਸ ਸ਼ਬਦ ਦਾ ਪ੍ਰਭਾਵ ਸਦਾ ਹੀ ਉਨਾਂ ਰਹਿੰਦਾ ਹੈ ਜਿੰਨਾਂ ਕਿ ਸਤਿਗੁਰ ਦੀ ਦੇਹ ਦੇ ਹੁੰਦੇ ਸੀ।

ਅਕਸਰ ਵੇਖਣ ਨੂੰ ਮਿਲਦਾ ਹੈ ਕਿ ਅਰਥਾਂ ਦੇ ਅਨਰਥ ਕਰਕੇ ਅਨੇਕਾਂ ਦੰਭੀ, ਪਾਖੰਡੀ, ਸਾਧੂ-ਸੰਤ ਸਤਿਗੁਰੂ ਬਣ ਬੈਠੇ ਹਨ। ਜਗਿਆਸੂ ਨੂੰ ਕਸਵੱਟੀ ਲਾ ਕੇ ਪਰਖ ਕਰ ਲੈਣੀ ਚਾਹੀਦੀ ਹੈ ਕਿ ਉਹ ਪੂਰਨ ਸਤਿਗੁਰੂ ਹਨ ਜਾਂ ਨਕਲੀ ਸਤਿਗੁਰੂ। ਕਸਵੱਟੀ ਇਹ ਹੈ:

- ਮਾਈ ਮੈ ਧਨੁ ਪਾਇਓ ਹਰਿ ਨਾਮੁ॥ ਮਨੁ ਮੇਰੋ ਧਾਵਨ ਤੇ ਛੂਟਿਓ ਕਰਿ ਬੈਠੋ ਬਿਸਰਾਮੁ॥ਰਹਾਉ॥
ਮਾਇਆ ਮਮਤਾ ਤਨ ਤੇ ਭਾਗੀ ਉਪਜਿਓ ਨਿਰਮਲ ਗਿਆਨੁ॥
ਲੋਭ ਮੋਹ ਏਹ ਪਰਸਿ ਨ ਸਾਕੈ ਗਹੀ ਭਗਤਿ ਭਗਵਾਨ॥
ਜਨਮ ਜਨਮ ਕਾ ਸੰਸਾ ਚੂਕਾ ਰਤਨੁ ਨਾਮੁ ਜਬ ਪਾਇਆ॥
ਤ੍ਰਿਸਨਾ ਸਕਲ ਬਿਨਾਸੀ ਮਨ ਤੇ ਨਿਜ ਸੁਖ ਮਾਹਿ ਸਮਾਇਆ॥ (੧੧੮੬)

ਜਦੋਂ ਜਗਿਆਸੂ ਨੂੰ ਉਪਰੋਕਤ ਦਰਸਾਈ ਅਵੱਸਥਾ ਪ੍ਰਾਪਤ ਨਹੀਂ ਹੋਵੇਗੀ ਤਾਂ ਜਗਿਆਸੂ ਆਪ ਹੀ ਉਸ ਨਕਲੀ ਗੁਰੂ ਦਾ ਸਾਥ ਛੱਡ ਦੇਵੇਗਾ। ਸਿਧਾਂਤ ਤਾਂ "ਧੁਰ ਕੀ ਬਾਣੀ ਆਈ" ਦਰਸਾ ਰਹੀ ਹੈ, ਤੋੜ੍ਹ ਮੋੜ੍ਹ ਕੇ ਅਰਥ ਕਰਨੇ ਆਯੋਗ ਹਨ।

ਹੁਣ ਪ੍ਰਸ਼ਨ ਇਹ ਹੈ ਕਿ ਸਤਿਗੁਰੂ ਦੀ ਲੋੜ ਕਿਉਂ ਹੈ?

ਮਾਇਆ ਵੇੜਿਆ ਜੀਵ ਆਪਣੀ ਸਿਆਣਪ ਨਾਲ ਪਰਮਪਦ ਦੀ ਪ੍ਰਾਪਤੀ ਨਹੀਂ ਕਰ ਸਕਦਾ। ਉਸਦੀ ਬੁੱਧੀ ਮਾਇਆ ਤੋਂ ਅੱਗੇ ਨਹੀਂ ਜਾਂਦੀ। ਬੁੱਧੀ ਮਾਇਆ ਨੇ ਸੀਮਤ ਕਰ ਦਿੱਤੀ ਹੈ। ਪਰ ਸਤਿਗੁਰੂ ਦੀ ਬੁੱਧੀ ਪਾਰਦਰਸ਼ਕ ਹੈ, ਮਾਇਆ ਦੇ ਘੇਰੇ ਵਿੱਚ ਨਹੀਂ। ਸੋ ਜਦ ਤਾਂਈਂ ਪੂਰਨ ਸਤਿਗੁਰੂ ਦੀ ਮੱਤ ਨੂੰ ਗ੍ਰਹਿਣ ਨਾ ਕਰੀਏ, ਮਨ ਸਦਾ ਹੀ ਦੁੱਖ ਕਲੇਸ਼ ਅਤੇ ਝੋਰਿਆਂ ਵਿੱਚ ਰਹਿੰਦਾ ਹੈ। ਗੁਰਮਤਿ ਦਾ ਫੁਰਮਾਨ ਹੈ:

- ਧੁਰਿ ਖਸਮੈ ਕਾ ਹੁਕਮੁ ਪਇਆ ਵਿਣੁ ਸਤਿਗੁਰ ਚੇਤਿਆ ਨ ਜਾਇ॥ (੫੫੬)

- ਬਿਨੁ ਸਤਿਗੁਰ ਕੋ ਨਾਉ ਨ ਪਾਏ ਪ੍ਰਭਿ ਐਸੀ ਬਣਤ ਬਣਾਈ ਹੇ॥ (੧੦੪੬)

- ਸਤਿਗੁਰ ਬਾਝੁ ਨ ਪਾਇਓ ਸਭ ਮੋਹੀ ਮਾਇਆ ਜਾਲਿ ਜੀਉ॥ (੭੧)

- ਏਕੰਕਾਰੁ ਸਤਿਗੁਰ ਤੇ ਪਾਈਐ ਹਉ ਬਲਿ ਬਲਿ ਗੁਰ ਦਰਸਾਇਣਾ॥ (੧੦੭੮)

"ਗੁਰੂ" ਦੇਹ ਨਹੀਂ "ਸ਼ਬਦ" ਹੁੰਦਾ ਹੈ। ਦੇਹ ਬਿਨਸਹਾਰ ਹੈ ਅਤੇ ਸ਼ਬਦ ਸਦਾ ਜੁਗੋ ਜੁਗ ਅਟਲ ਹੈ। ਇਸ ਲਈ ਦਸਮ ਪਿਤਾ ਦਾ ਫੁਰਮਾਨ ਹੈ "ਗਿਆਨੁ ਗੁਰੂ ਆਤਮ ਉਪਦੇਸਹੁ"॥ ਗੁਰੂ ਗਿਆਨ ਹੈ ਤੇ ਉਸ ਗਿਆਨ ਨਾਲ ਆਤਮਾ ਨੂੰ ਉਪਦੇਸ਼ ਮਿਲਦਾ ਹੈ। ਇਸੇ ਸ਼ਬਦ-ਗੁਰੂ ਨੂੰ ਹੀ ਗੁਰੂ ਗੋਬਿੰਦ ਸਿੰਘ ਜੀ ਨੇ ਗੁਰਗੱਦੀ ਬਖ਼ਸ਼ੀ ਹੈ। ਅਸਲੀ ਸਤਿਗੁਰੂ ਦੀ ਨਿਸ਼ਾਨੀ ਇਹ ਹੈ:

- ਜੋ ਨਰੁ ਦੁਖ ਮੈ ਦੁਖੁ ਨਹੀ ਮਾਨੈ॥ ਸੁਖ ਸਨੇਹੁ ਅਰੁ ਭੈ ਨਹੀ ਜਾ ਕੈ ਕੰਚਨ ਮਾਟੀ ਮਾਨੈ॥ਰਹਾਉ॥
ਨਹ ਨਿੰਦਿਆ ਨਹ ਉਸਤਤਿ ਜਾ ਕੈ ਲੋਭੁ ਮੋਹੁ ਅਭਿਮਾਨਾ॥
ਹਰਖ ਸੋਗ ਤੇ ਰਹੈ ਨਿਆਰਉ ਨਾਹਿ ਮਾਨ ਅਪਮਾਨਾ॥
ਆਸਾ ਮਨਸਾ ਸਗਲ ਤਿਆਗੈ ਜਗ ਤੇ ਰਹੈ ਨਿਰਾਸਾ॥
ਕਾਮੁ ਕ੍ਰੋਧੁ ਜਿਹ ਪਰਸੈ ਨਾਹਨਿ ਤਿਹ ਘਟਿ ਬ੍ਰਹਮੁ ਨਿਵਾਸਾ॥ (੬੩੩)

ਇਹ ਕਸਵੱਟੀ ਹੈ ਅਸਲ ਗੁਰੂ ਦੀ, ਉਸਦੇ ਜੀਵਨ ਨੂੰ ਹੀ ਜੀਭ ਲੱਗੀ ਹੁੰਦੀ ਹੈ ਜੋ ਆਪਣੇ ਆਪ ਹੀ ਬੋਲਦੀ ਹੈ ਕਿ ਉਹ ਅਸਲੀ ਹੈ ਜਾਂ ਨਕਲੀ ਸਤਿਗੁਰੂ।

ਗੁਰਬਾਣੀ ਵਿੱਚ ਸਾਧ, ਸੰਤ, ਗੁਰਮੁਖਿ, ਗੁਰਸਿੱਖ, ਭਗਤ, ਸੇਵਕ, ਜਨ ਆਦਿ ਪਦ ਵਰਤੇ ਗਏ ਹਨ ਅਤੇ ਇਨ੍ਹਾਂ ਦੇ ਲੱਛਣ ਵੀ ਦਰਸਾਏ ਗਏ ਹਨ। ਇਹ ਵੀ ਫੁਰਮਾਇਆ ਗਿਆ ਹੈ ਕਿ ਇੰਨ੍ਹਾਂ ਦੀ ਸੰਗਤ ਅਤਿ ਜ਼ਰੂਰੀ ਹੈ। ਇਹ ਵੀ ਫੁਰਮਾਨ ਹੈ ਕਿ ਇਨ੍ਹਾਂ ਦੀ ਸੰਗਤ ਬਿਨਾਂ ਹਰੀ ਦਾ ਸੰਗ ਪ੍ਰਾਪਤ ਨਹੀਂ ਹੋ ਸਕਦਾ। ਇਨ੍ਹਾਂ ਦੀ ਸੰਗਤ ਵਿੱਚ ਹੀ ਨਾਮ ਦ੍ਰਿੜ੍ਹ ਹੁੰਦਾ ਹੈ। ਇਨ੍ਹਾਂ ਦੀ ਸੰਗਤ ਲਈ ਬੇਨਤੀਆਂ ਤੇ ਅਰਦਾਸਾਂ ਵੀ ਹਨ। ਜਿਨ੍ਹਾਂ ਮਹਾਂਵਾਕਾਂ ਵਿੱਚ ਇਹ ਉਤਲੇ ਪਦ ਵਰਤੇ ਗਏ ਹਨ ਤੇ ਇਨ੍ਹਾਂ ਦੇ ਗੁਣ ਦੱਸੇ ਗਏ ਹਨ, ਉਨ੍ਹਾਂ ਤੋਂ ਸਿੱਧ ਹੁੰਦਾ ਹੈ ਕਿ ਇਹ ਸਾਰੇ ਪਦ ਇੱਕੋ ਹੀ ਅਰਥ ਤੇ ਭਾਵ ਰੱਖਦੇ ਹਨ। ਇਤਨੀ ਉਪਮਾ, ਇਤਨੀ ਮਹਿਮਾ, ਇਤਨੀ ਉਸਤਤੀ ਇੰਨ੍ਹਾਂ ਪ੍ਰਥਾਏ ਹੈ ਕਿ ਜਗਿਆਸੂ ਸਿੱਖ ਦੇ ਮਨ ਵਿੱਚ ਇਨ੍ਹਾਂ ਦੀ ਸੰਗਤ ਲਈ ਜ਼ੋਰਦਾਰ ਭਾਵਨਾ ਪੈਦਾ ਹੋ ਜਾਂਦੀ ਹੈ। ਉਹ ਇਨ੍ਹਾਂ ਦੀ ਸੰਗਤ ਲਈ ਉਤਸੁਕਤ ਹੋ ਕੇ ਇਨ੍ਹਾਂ ਵੱਲ ਜਾਂਦਾ ਹੈ। ਜਿੱਥੇ ਵੀ ਕੋਈ ਸੰਤ, ਸਾਧ ਅਖਵਾਉਣ ਵਾਲੇ ਵਿਅਕਤੀ ਹੁੰਦੇ ਹਨ, ਸ਼ਰਧਾ ਭਾਵਨਾ ਨਾਲ ਜਾਂਦਾ ਹੈ। ਗੁਰਬਾਣੀ ਦੇ ਹੁਕਮ ਅਨੁਸਾਰ ਤਨ, ਮਨ ਤੇ ਧਨ ਵੀ ਉਨ੍ਹਾਂ ਅੱਗੇ ਅਰਪਨ ਕਰਦਾ ਹੈ ਪਰ ਜੋ ਲਾਭ ਉਨ੍ਹਾਂ ਦੀ ਸੰਗਤ ਦਾ ਗੁਰਬਾਣੀ ਦਰਸਾਉਂਦੀ ਹੈ, ਉਹ ਨਹੀਂ ਲੱਭਦਾ। ਉਹ ਲਾਭ ਹਨ - ਸਦਾ ਦਾ ਖੇੜਾ, ਸਦਾ ਦਾ ਆਨੰਦ, ਸਦਾ ਦਾ ਹੁਲਾਸ, ਸਦਾ ਦੀਆਂ ਚੜ੍ਹਦੀਆਂ ਕਲਾਂ, ਤ੍ਰਿਸ਼ਨਾ ਰਹਿਤ ਮਨ, ਅੰਤਰ-ਆਤਮੇ ਦਾ ਟਿਕਾਉ,

ਨਿਰਭੈਤਾ, ਨਿਰਵੈਰਤਾ, ਬ੍ਰਹਮ ਦ੍ਰਿਸ਼ਟੀ, ਸਭ ਨਾਲ ਪ੍ਰੇਮ ਭਰਿਆ ਵਰਤਾਉ, ਸਿਮਰਨ ਵਿੱਚ ਲਿਵ, ਅਨਹਦ ਸ਼ਬਦ ਦੀ ਲਗਾਤਾਰੀ ਧੁਨੀ, ਅਟੁੱਟ ਨਾਮ ਦੀ ਖੁਮਾਰੀ, ਮਨ ਦੀ ਗਰੀਬੀ, ਮਿਠਾਸ ਭਰਪੂਰ ਬੋਲ, ਹਉਮੈ ਰਹਿਤ ਦਸ਼ਾ, ਪਰਉਪਕਾਰਤਾ, ਨਿਰੰਤਰ ਸੇਵਾ ਭਾਵ, ਦਿਆਲਤਾ, ਵਿਸ਼ਾਲ ਹਿਰਦਾ, ਸੰਸਾ ਬਿਰਤੀ ਦੀ ਨਿਵਿਰਤੀ-ਇਹ ਲਾਭ ਨਿਰਛਲ ਜਗਿਆਸੂ ਨੂੰ ਨਹੀਂ ਪ੍ਰਾਪਤ ਹੁੰਦੇ। ਫਿਰ ਜਗਿਆਸੂ ਨਿਰਾਸਤਾ ਤੋਂ ਬਾਅਦ ਆਖਦਾ ਹੈ ਕਿ ਇਨ੍ਹਾਂ ਦੀ ਕੋਈ ਲੋੜ ਨਹੀਂ। ਇੱਥੇ ਜਗਿਆਸੂ ਭੁੱਲ ਨਾ ਕਰੇ ਕਿ ਅਸਲੀ ਪੂਰਨ ਸੰਤ, ਸਾਧ, ਗੁਰਮੁਖ, ਗੁਰਸਿੱਖ ਦਾ ਮਿਲਾਪ ਨਹੀਂ ਹੋਇਆ ਅਤੇ ਕਿੰਤੂ ਪ੍ਰੰਤੂ ਨਾ ਕਰੇ, ਗੱਲ ਸੋਭਦੀ ਨਹੀਂ। ਬੀਜ ਨਾਸ਼ ਨਹੀਂ ਹੋਇਆ, ਸੰਸਾਰ ਵਿੱਚ ਐਸੇ ਮਹਾਂਪੁਰਸ਼ ਹਨ। ਦਿਲੋਂ ਅਰਦਾਰ ਕਰੇ, ਜ਼ਰੂਰ ਕਿਸੇ ਗੁਰਸਿੱਖ ਪਿਆਰੇ ਦਾ ਮਿਲਾਪ ਹੋਵੇਗਾ।

ਕਈ ਸੱਜਣ ਇਨ੍ਹਾਂ ਵਿਅਕਤੀਆਂ ਕੋਲ ਜਾਣਾ "ਵਿਅਕਤੀ ਪੂਜਾ" ਆਖ ਕੇ ਨੱਕ ਵੱਟ ਲੈਂਦੇ ਹਨ। ਵਿਅਕਤੀ ਪੂਜਾ ਤਦ ਬਣਦੀ ਹੈ ਜਦੋਂ ਕਰਤਾਰ ਦੀ ਟੇਕ ਛੱਡ ਦਈਏ ਅਤੇ ਉਸੇ ਵਿਅਕਤੀ ਨੂੰ ਸਭ ਕੁਝ ਸਮਝ ਬੈਠੀਏ, ਇਹ ਭੁਲ ਨਹੀਂ ਹੋਣੀ ਚਾਹੀਦੀ। ਉਸ ਗੁਰਮੁਖਿ ਦਾ ਸਤਿਕਾਰ ਮਨ ਅੰਦਰ ਆਪ ਮੁਹਾਰੇ ਭਰ ਜਾਂਦਾ ਹੈ। ਉਸ ਨਾਲ ਨਾਮ ਦ੍ਰਿੜ੍ਹ ਹੁੰਦਾ ਹੈ ਅਤੇ ਨਾਮ ਦੀ ਕਣੀ ਅੰਤਰ ਆਤਮੇ ਆ ਵੱਸਦੀ ਹੈ। ਗੁਰਬਾਣੀ ਦਾ ਫੁਰਮਾਨ ਹੈ:

- ਕਬੀਰ ਸੇਵਾ ਕਉ ਦੁਇ ਭਲੇ ਏਕੁ ਸੰਤੁ ਇਕੁ ਰਾਮੁ॥
ਰਾਮੁ ਜੁ ਦਾਤਾ ਮੁਕਤਿ ਕੋ ਸੰਤੁ ਜਪਾਵੈ ਨਾਮੁ॥ (੧੩੭੩)

ਦਰਅਸਲ ਨਾਮ ਦ੍ਰਿੜ੍ਹ ਸੰਤ, ਸਾਧ, ਗੁਰਸਿੱਖ, ਜਨ, ਸੇਵਕ, ਭਗਤਾਂ ਦੀ ਲਗਾਤਾਰੀ ਸੰਗਤ ਵਿੱਚ ਹੀ ਹੁੰਦਾ ਹੈ, ਉਂਜ ਨਹੀਂ। ਜੇ ਇਹ ਗੱਲ ਨਾ ਹੁੰਦੀ ਤਾਂ ਫਿਰ ਐਨ੍ਹੀ ਬਾਣੀ ਇਨ੍ਹਾਂ ਪ੍ਰਥਾਏ ਗੁਰੂ ਸਾਹਿਬ ਵੱਲੋਂ ਉਚਾਰਨ ਦੀ ਲੋੜ ਨਹੀਂ ਸੀ। ਗੁਰਬਾਣੀ ਨਿਰਣਾ ਦੇ ਰਹੀ ਹੈ ਕਿ ਹਰੀ ਦਾ ਸੰਗ, ਬਿਨਾਂ ਸਾਧੂ ਨਹੀਂ ਹੋ ਸਕਦਾ। ਪ੍ਰਮਾਣ ਹੈ:

- ਬਿਨੁ ਸਾਧ ਨ ਪਾਈਐ ਹਰਿ ਕਾ ਸੰਗੁ॥ (੧੧੬੯)

- ਸਾਧੂ ਸੰਗਤਿ ਹੋਇ ਪਰਾਪਤਿ ਤਾ ਪ੍ਰਭੁ ਅਪੁਨਾ ਲਹੀਐ॥ (੭੧੩)

- ਸੰਤ ਮੰਡਲ ਮਹਿ ਹਰਿ ਮਨਿ ਵਸੈ॥ (੧੧੪੬)

ਹੁਣ ਸੰਤ, ਸਾਧ, ਗੁਰਮੁਖਿ, ਗੁਰਸਿੱਖ, ਸੇਵਕ, ਜਨ, ਭਗਤ ਦੇ ਲੱਛਣ ਅਤੇ ਉਨ੍ਹਾਂ ਦਾ ਲਾਭ ਅੰਕਿਤ ਕੀਤਾ ਜਾਂਦਾ ਹੈ।

- ਜਿਨਾ ਸਾਸਿ ਗਿਰਾਸਿ ਨ ਵਿਸਰੈ ਹਰਿ ਨਾਮਾਂ ਮਨਿ ਮੰਤੁ॥
ਧੰਨੁ ਸਿ ਸੇਈ ਨਾਨਕਾ ਪੂਰਨੁ ਸੋਈ ਸੰਤੁ॥ (੩੧੯)

ਐਸੇ ਪੂਰਨ ਸੰਤਾਂ ਦੀ ਰਹਿਤ ਬਾਰੇ ਇਹ ਸ਼ਬਦ ਹੈ:

- ਆਠ ਪਹਰ ਨਿਕਟਿ ਕਰਿ ਜਾਨੈ॥ ਪ੍ਰਭ ਕਾ ਕੀਆ ਮੀਠਾ ਮਾਨੈ॥
ਏਕੁ ਨਾਮੁ ਸੰਤਨ ਆਧਾਰੁ॥ ਹੋਇ ਰਹੇ ਸਭ ਕੀ ਪਗ ਛਾਰੁ॥
ਸੰਤ ਰਹਤ ਸੁਨਹੁ ਮੇਰੇ ਭਾਈ॥ ਉਆ ਕੀ ਮਹਿਮਾ ਕਥਨੁ ਨ ਜਾਈ॥ਰਹਾਉ॥
ਵਰਤਣਿ ਜਾ ਕੈ ਕੇਵਲ ਨਾਮ॥ ਅਨਦ ਰੂਪ ਕੀਰਤਨੁ ਬਿਸ੍ਰਾਮ॥
ਮਿਤ੍ਰ ਸਤ੍ਰੂ ਜਾ ਕੈ ਏਕ ਸਮਾਨੈ॥ ਪ੍ਰਭ ਅਪੁਨੇ ਬਿਨੁ ਅਵਰੁ ਨ ਜਾਨੈ॥
ਕੋਟਿ ਕੋਟਿ ਅਘ ਕਾਟਨਹਾਰਾ॥ ਦੁਖ ਦੂਰਿ ਕਰਨ ਜੀਅ ਕੇ ਦਾਤਾਰਾ॥
ਸੂਰਬੀਰ ਬਚਨ ਕੇ ਬਲੀ॥ ਕਉਲਾ ਬਪੁਰੀ ਸੰਤੀ ਛਲੀ॥
ਤਾ ਕਾ ਸੰਗੁ ਬਾਛਹਿ ਸੁਰਦੇਵ॥ ਅਮੋਘ ਦਰਸੁ ਸਫਲ ਜਾ ਕੀ ਸੇਵ॥
ਕਰ ਜੋੜਿ ਨਾਨਕੁ ਕਰੇ ਅਰਦਾਸਿ॥ ਮੋਹਿ ਸੰਤਹ ਟਹਲ ਦੀਜੈ ਗੁਣਤਾਸਿ॥ (੩੯੨)

– ਐਸੀ ਕਿਰਪਾ ਮੋਹਿ ਕਰਹੁ॥ ਸੰਤਹ ਚਰਣ ਹਮਾਰੋ ਮਾਥਾ ਨੈਨ ਦਰਸੁ ਤਨਿ ਧੂਰਿ ਪਰਹੁ॥ (੮੨੮)

– ਹਮ ਸੰਤਨ ਕੀ ਰੇਨੁ ਪਿਆਰੇ ਹਮ ਸੰਤਨ ਕੀ ਸਰਣਾ॥
ਸੰਤ ਹਮਾਰੀ ਓਟ ਸਤਾਣੀ ਸੰਤ ਹਮਾਰਾ ਗਹਣਾ॥
ਹਮ ਸੰਤਨ ਸਿਉ ਬਣਿ ਆਈ॥ ਪੂਰਬਿ ਲਿਖਿਆ ਪਾਈ॥
ਇਹੁ ਮਨੁ ਤੇਰਾ ਭਾਈ॥ਰਹਾਉ॥
ਸੰਤਨ ਸਿਉ ਮੇਰੀ ਲੇਵਾ ਦੇਵੀ ਸੰਤਨ ਸਿਉ ਬਿਉਹਾਰਾ॥
ਸੰਤਨ ਸਿਉ ਹਮ ਲਾਹਾ ਖਾਟਿਆ ਹਰਿ ਭਗਤਿ ਭਰੇ ਭੰਡਾਰਾ॥
ਸੰਤਨ ਮੋ ਕਉ ਪੂੰਜੀ ਸਉਪੀ ਤਉ ਉਤਰਿਆ ਮਨ ਕਾ ਧੋਖਾ॥
ਧਰਮ ਰਾਇ ਅਬ ਕਹਾ ਕਰੈਗੋ ਜਉ ਫਾਟਿਓ ਸਗਲੋ ਲੇਖਾ॥
ਮਹਾ ਅਨੰਦ ਭਏ ਸੁਖੁ ਪਾਇਆ ਸੰਤਨ ਕੈ ਪਰਸਾਦੇ॥
ਕਹੁ ਨਾਨਕ ਹਰਿ ਸਿਉ ਮਨੁ ਮਾਨਿਆ ਰੰਗਿ ਰਤੇ ਬਿਸਮਾਦੇ॥ (੬੧੪)

– ਖਾਕੁ ਸੰਤਨ ਕੀ ਦੇਹੁ ਪਿਆਰੇ॥ ਆਇ ਪਇਆ ਹਰਿ ਤੇਰੈ ਦੁਆਰੈ॥
ਦਰਸਨੁ ਪੇਖਤ ਮਨੁ ਆਘਾਵੈ ਨਾਨਕ ਮਿਲਣੁ ਸੁਭਾਈ ਜੀਉ॥ (੯੮)

– ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ॥
ਨਾਨਕੁ ਦਾਸੁ ਇਹੀ ਸੁਖੁ ਮਾਗੈ ਮੋ ਕਉ ਕਰਿ ਸੰਤਨ ਕੀ ਧੂਰੇ॥ (੧੩)

– ਸਗਲ ਸੰਤਨ ਪਹਿ ਵਸਤੁ ਇਕ ਮਾਂਗਉ॥ ਕਰਉ ਬਿਨੰਤੀ ਮਾਨੁ ਤਿਆਗਉ॥
ਵਾਰਿ ਵਾਰਿ ਜਾਈ ਲਖ ਵਰੀਆ ਦੇਹੁ ਸੰਤਨ ਕੀ ਧੂਰਾ ਜੀਉ॥ (੯੯)

– ਪਾਨੀ ਪਖਾ ਪੀਸਉ ਸੰਤ ਆਗੈ ਗੁਣ ਗੋਵਿੰਦ ਜਸੁ ਗਾਈ॥ (੬੭੩)

– ਹੋਹੁ ਕ੍ਰਿਪਾਲ ਸੁਆਮੀ ਮੇਰੇ ਸੰਤਾਂ ਸੰਗਿ ਵਿਹਾਵੇ॥ (੯੬੧)

– ਕਮਾਵਾ ਤਿਨ ਕੀ ਕਾਰ ਸਰੀਰੁ ਪਵਿਤੁ ਹੋਇ॥ ਪਖਾ ਪਾਣੀ ਪੀਸਿ ਬਿਗਸਾ ਪੈਰ ਧੋਇ॥ (੫੧੮)

ਅਗਲੇ ਪ੍ਰਮਾਣ ਗੁਰਸਿੱਖਾਂ ਪ੍ਰਥਾਇ ਹਨ। ਗੁਰਸਿੱਖ ਦੇ ਇਹ ਲੱਛਣ ਹਨ:

– ਸੋ ਸਿਖੁ ਸਦਾ ਬੰਧਪੁ ਹੈ ਭਾਈ ਜਿ ਗੁਰ ਕੇ ਭਾਣੇ ਵਿਚਿ ਆਵੈ॥
ਆਪਣੈ ਭਾਣੈ ਜੋ ਚਲੈ ਭਾਈ ਵਿਛੁੜਿ ਚੋਟਾ ਖਾਵੈ॥ (੬੦੧)

– ਗੁਰ ਸਤਿਗੁਰ ਕਾ ਜੋ ਸਿਖੁ ਅਖਾਏ ਸੁ ਭਲਕੇ ਉਠਿ ਹਰਿ ਨਾਮੁ ਧਿਆਵੈ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ॥

ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ ਬਹਦਿਆ ਉਠਦਿਆ ਹਰਿ ਨਾਮੁ ਧਿਆਵੈ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ ਸੋ ਗੁਰਸਿਖੁ ਗੁਰੂ ਮਨਿ ਭਾਵੈ॥
ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ॥

ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (੩੦੫)

- ਜੇ ਕੋ ਸਿਖੁ ਗੁਰੂ ਸੇਤੀ ਸਨਮੁਖੁ ਹੋਵੈ॥ ਹੋਵੈ ਤ ਸਨਮੁਖੁ ਸਿਖੁ ਕੋਈ ਜੀਅਹੁ ਰਹੈ ਗੁਰ ਨਾਲੇ॥
ਗੁਰ ਕੇ ਚਰਨ ਹਿਰਦੈ ਧਿਆਏ ਅੰਤਰ ਆਤਮੈ ਸਮਾਲੇ॥
ਆਪੁ ਛਡਿ ਸਦਾ ਰਹੈ ਪਰਣੈ ਗੁਰ ਬਿਨੁ ਅਵਰੁ ਨ ਜਾਣੈ ਕੋਏ॥
ਕਹੈ ਨਾਨਕੁ ਸੁਣਹੁ ਸੰਤਹੁ ਸੋ ਸਿਖੁ ਸਨਮੁਖੁ ਹੋਏ॥ (੯੧੯)

- ਸੇ ਗੁਰਸਿਖ ਧਨੁ ਧੰਨੁ ਹੈ ਜਿਨੀ ਗੁਰ ਉਪਦੇਸੁ ਸੁਣਿਆ ਹਰਿ ਕੰਨੀ॥ (੫੯੦)

ਉਤਲੇ ਪ੍ਰਮਾਣਾਂ ਵਿੱਚ ਗੁਰਸਿੱਖ ਦੇ ਲੱਛਣ ਹਨ। ਐਸੇ ਗੁਰਸਿੱਖ ਨੂੰ ਗੁਰਮਤਿ ਫੁਰਮਾਉਂਦੀ ਹੈ ਕਿ ਐਸਾ ਗੁਰਸਿੱਖ ਤੇ ਗੁਰੂ ਇੱਕ ਹਨ। ਜਿਹੜਾ ਗੁਰੂ ਉਪਦੇਸ਼ ਨੂੰ ਚਲਾਉਂਦਾ ਹੈ। ਪ੍ਰਮਾਣ ਇਹ ਹਨ:

- ਗੁਰੂ ਸਿਖੁ ਸਿਖੁ ਗੁਰੂ ਹੈ ਏਕੋ ਗੁਰ ਉਪਦੇਸੁ ਚਲਾਏ॥
ਰਾਮ ਨਾਮ ਮੰਤੁ ਹਿਰਦੈ ਦੇਵੈ ਨਾਨਕ ਮਿਲਣੁ ਸੁਭਾਏ॥ (੪੪੪)

ਇਨ੍ਹਾਂ ਗੁਣਾਂ ਵਾਲੇ ਗੁਰਸਿੱਖਾਂ ਨੂੰ ਸ੍ਰੀ ਗੁਰੂ ਅਰਜਨ ਦੇਵ ਜੀ ਭਾਲ ਕੇ ਲੈਂਦੇ ਹਨ ਤੇ ਉਨ੍ਹਾਂ ਗੁਰਸਿੱਖਾਂ ਦੇ ਪੈਰ ਧੋਂਵਦੇ ਹਨ। ਉਨ੍ਹਾਂ ਨੂੰ ਪੱਖਾ ਝੱਲਦੇ ਹਨ ਅਤੇ ਉਨ੍ਹਾਂ ਦੀ ਚਰਨੀ ਨਿਵ-ਨਿਵ ਕੇ ਲੱਗਦੇ ਹਨ। ਪ੍ਰਮਾਣ ਇਸ ਤਰ੍ਹਾਂ ਹਨ:

- ਗੁਰਸਿਖਾ ਲਹਦਾ ਭਾਲਿ ਕੈ॥ ਪੈਰ ਧੋਵਾ ਪਖਾ ਫੇਰਦਾ ਤਿਸੁ ਨਿਵਿ ਨਿਵਿ ਲਗਾ ਪਾਇ ਜੀਉ॥ (੭੩)

ਗੁਰੂ ਰਾਮਦਾਸ ਜੀ ਵੀ ਐਸੇ ਗੁਰਸਿੱਖਾਂ ਦੀ ਧੂੜ ਮੰਗਦੇ ਹਨ ਜੋ ਆਪ ਨਾਮ ਜਪਦਾ ਹੈ ਤੇ ਹੋਰਾਂ ਨੂੰ ਜਪਾਉਂਦਾ ਹੈ।

- ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ ਜੋ ਆਪਿ ਜਪੈ ਅਵਰਹ ਨਾਮੁ ਜਪਾਵੈ॥ (੩੦੬)

- ਗੁਰਸਿਖਾਂ ਕੀ ਹਰਿ ਧੂੜਿ ਦੇਹਿ ਹਮ ਪਾਪੀ ਭੀ ਗਤਿ ਪਾਂਹਿ॥ (੧੪੨੪)

- ਹਮ ਹੋਵਹ ਲਾਲੇ ਗੋਲੇ ਗੁਰਸਿਖਾ ਕੇ ਜਿਨ੍ਹਾ ਅਨਦਿਨੁ ਹਰਿ ਪ੍ਰਭੁ ਪੁਰਖੁ ਧਿਆਇਆ॥ (੪੯੩)

- ਆਇ ਮਿਲੁ ਗੁਰਸਿਖ ਆਇ ਮਿਲੁ ਤੂ ਮੇਰੇ ਗੁਰੂ ਕੇ ਪਿਆਰੇ॥ (੭੨੫)

- ਤਿਨਾ ਗੁਰਸਿਖਾ ਕੰਉ ਹਉ ਵਾਰਿਆ ਜੋ ਬਹਦਿਆ ਉਠਦਿਆ ਹਰਿ ਨਾਮੁ ਧਿਆਵਹਿ॥ (੫੯੦)

- ਤਿਸੁ ਗੁਰਸਿਖ ਕੰਉ ਹੰਉ ਸਦਾ ਨਮਸਕਾਰੀ ਜੋ ਗੁਰ ਕੈ ਭਾਣੈ ਗੁਰਸਿਖੁ ਚਲਿਆ॥ (੫੯੩)

ਗੁਰੂ ਅਰਜਨ ਦੇਵ ਜੀ ਫੁਰਮਾਉਂਦੇ ਹਨ:-

- ਜੋ ਦੀਸੈ ਗੁਰਸਿਖੜਾ ਤਿਸੁ ਨਿਵਿ ਨਿਵਿ ਲਾਗਉ ਪਾਇ ਜੀਉ॥
ਆਖਾ ਬਿਰਥਾ ਜੀਅ ਕੀ ਗੁਰੁ ਸਜਣੁ ਦੇਹਿ ਮਿਲਾਇ ਜੀਉ॥ (੭੬੩)

ਗੁਰੂ ਨਾਨਕ ਪਾਤਸ਼ਾਹ ਜੀ ਫੁਰਮਾਉਂਦੇ ਹਨ:

- ਸਾਚੁ ਰਿਦੈ ਸਚੁ ਪ੍ਰੇਮ ਨਿਵਾਸ॥ ਪ੍ਰਣਵਤਿ ਨਾਨਕ ਹਮ ਤਾ ਕੇ ਦਾਸ॥ (੨੨੪)

– ਪ੍ਰਣਵਤਿ ਨਾਨਕ ਤਿਨ੍ ਕੀ ਸਰਣਾ ਜਿਨ੍ ਤੂੰ ਨਾਹੀ ਵੀਸਰਿਆ॥ (੧੨)

– ਹੰਉ ਕੁਰਬਾਨੈ ਜਾਉ ਮਿਹਰਵਾਨਾ ਹੰਉ ਕੁਰਬਾਨੈ ਜਾਉ॥ ਹੰਉ ਕੁਰਬਾਨੈ ਜਾਉ ਤਿਨਾ ਕੈ ਲੈਨਿ ਜੋ ਤੇਰਾ ਨਾਉ॥
ਲੈਨਿ ਜੋ ਤੇਰਾ ਨਾਉ ਤਿਨਾ ਕੈ ਹੰਉ ਸਦ ਕੁਰਬਾਨੈ ਜਾਉ॥ (੭੨੨)

– ਜਿਨ ਕੇ ਚੋਲੇ ਰਤੜੇ ਪਿਆਰੇ ਕੰਤੁ ਤਿਨਾ ਕੈ ਪਾਸਿ॥
ਧੂੜਿ ਤਿਨਾ ਕੀ ਜੇ ਮਿਲੈ ਜੀ ਕਹੁ ਨਾਨਕ ਕੀ ਅਰਦਾਸਿ॥ (੭੨੨)

ਅੱਗੇ ਹੁਣ ਗੁਰਮੁਖਿ ਰਹਿਣੀ ਦਾ ਵਿਸਥਾਰ ਹੈ। ਗੁਰਮੁਖਿ ਉਹ ਹੈ ਜੋ ਵੈਰ ਵਿਰੋਧ ਨੂੰ ਗਵਾ ਦਿੰਦੇ ਹਨ। ਗੁਰਮੁਖਿ ਸਾਰੀਆਂ ਗਿਣਤੀਆਂ ਮਿਣਤੀਆਂ ਮਿਟਾ ਦਿੰਦਾ ਹੈ। ਗੁਰਮੁਖਿ ਰਾਮ ਦੇ ਨਾਮ ਵਿੱਚ ਰੰਗਿਆ ਰਹਿੰਦਾ ਹੈ। ਗੁਰਮੁਖਿ ਨੇ ਨਾਮ ਨੂੰ ਪਛਾਣ ਲਿਆ ਹੈ। ਵਾਕ ਇੰਜ ਹਨ:

– ਗੁਰਮੁਖਿ ਵੈਰ ਵਿਰੋਧ ਗਵਾਵੈ॥ ਗੁਰਮੁਖਿ ਸਗਲੀ ਗਣਤ ਮਿਟਾਵੈ॥
ਗੁਰਮੁਖਿ ਰਾਮ ਨਾਮ ਰੰਗਿ ਰਾਤਾ॥ ਨਾਨਕ ਗੁਰਮੁਖਿ ਖਸਮੁ ਪਛਾਤਾ॥ (੯੪੨)

ਸ੍ਰੀ ਗੁਰੂ ਨਾਨਕ ਪਾਤਸ਼ਾਹ ਫਿਰ ਫੁਰਮਾਉਂਦੇ ਹਨ:

– ਗੁਰਮੁਖਿ ਸਾਚੀ ਕਾਰ ਕਮਾਇ॥ ਗੁਰਮੁਖਿ ਸਾਚੇ ਮਨੁ ਪਤੀਆਇ॥
ਗੁਰਮੁਖਿ ਅਲਖੁ ਲਖਾਏ ਤਿਸੁ ਭਾਵੈ॥ ਨਾਨਕ ਗੁਰਮੁਖਿ ਚੋਟ ਨ ਖਾਵੈ॥ (੯੪੨)

– ਗੁਰਮੁਖਿ ਨਾਮੁ ਦਾਨੁ ਇਸਨਾਨੁ॥ ਗੁਰਮੁਖਿ ਲਾਗੈ ਸਹਜਿ ਧਿਆਨੁ॥
ਗੁਰਮੁਖਿ ਪਾਵੈ ਦਰਗਹ ਮਾਨੁ॥ ਗੁਰਮੁਖਿ ਭਉ ਭੰਜਨੁ ਪਰਧਾਨੁ॥
ਗੁਰਮੁਖਿ ਕਰਣੀ ਕਾਰ ਕਰਾਏ॥ ਨਾਨਕ ਗੁਰਮੁਖਿ ਮੇਲਿ ਮਿਲਾਏ॥ (੯੪੨)

– ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ॥ ਨਾਨਕ ਗੁਰਮੁਖਿ ਸਾਚਿ ਸਮਾਵੈ॥ (੯੪੧)

– ਗੁਰਮੁਖਿ ਹਉਮੈ ਸਬਦਿ ਜਲਾਏ॥ ਗੁਰਮੁਖਿ ਸਾਚੇ ਕੇ ਗੁਣ ਗਾਏ॥ (੯੪੨)

ਗੁਰੂ ਰਾਮਦਾਸ ਸਾਹਿਬ ਜੀ ਦਾ ਫੁਰਮਾਨ ਇੰਜ ਹੈ:

– ਜੋ ਗੁਰਮੁਖਿ ਨਾਮੁ ਧਿਆਇਦੇ ਤਿਨ ਦਰਸਨੁ ਦੀਜੈ॥
ਹਮ ਤਿਨ ਕੇ ਚਰਣ ਪਖਾਲਦੇ ਧੂੜਿ ਘੋਲਿ ਘੋਲਿ ਪੀਜੈ॥ (੭੨੬)

ਭਗਤਾਂ ਦੀ ਰਹਿਣੀ ਅਤੇ ਉਨ੍ਹਾਂ ਦੇ ਲੱਛਣ ਪ੍ਰਥਾਇ ਗੁਰਬਾਣੀ ਇੰਜ ਫੁਰਮਾਉਂਦੀ ਹੈ:

– ਨਾਨਕ ਹਰਿ ਕਾ ਭਾਣਾ ਮੰਨੇ ਸੋ ਭਗਤੁ ਹੋਇ ਵਿਣੁ ਮੰਨੇ ਕਚੁ ਨਿਕਚੁ॥ (੯੫੦)

– ਭਗਤ ਅਰਾਧਹਿ ਏਕ ਰੰਗਿ ਗੋਬਿੰਦ ਗੁਪਾਲ॥ (੮੧੬)

– ਰਖਵਾਲਾ ਗੋਬਿੰਦ ਰਾਇ ਭਗਤਨ ਕੀ ਰਾਸਿ॥ (੮੧੬)

– ਭਗਤਾ ਕੀ ਟੇਕ ਤੂੰ ਸੰਤਾ ਕੀ ਓਟ ਤੂੰ ਸਚਾ ਸਿਰਜਨਹਾਰਾ॥ (੭੪੬)

ਸੇਵਕ, ਦਾਸ, ਜਨ ਦੇ ਇੱਕੋ ਹੀ ਅਰਥ ਹਨ। ਇਨ੍ਹਾਂ ਦੇ ਲੱਛਣ, ਰਹਿਤ, ਗੁਰਮਤਿ ਇੰਜ ਫੁਰਮਾਉਂਦੀ ਹੈ:

– ਠਾਕੁਰ ਕਾ ਸੇਵਕੁ ਆਗਿਆਕਾਰੀ॥ ਠਾਕੁਰ ਕਾ ਸੇਵਕੁ ਸਦਾ ਪੂਜਾਰੀ॥
ਠਾਕੁਰ ਕੇ ਸੇਵਕ ਕੈ ਮਨਿ ਪਰਤੀਤਿ॥ ਠਾਕੁਰ ਕੇ ਸੇਵਕ ਕੀ ਨਿਰਮਲ ਰੀਤਿ॥
ਠਾਕੁਰ ਕਉ ਸੇਵਕੁ ਜਾਨੈ ਸੰਗਿ॥ ਪ੍ਰਭ ਕਾ ਸੇਵਕੁ ਨਾਮ ਕੈ ਰੰਗਿ॥ (੨੮੫)

– ਗੁਰ ਕੈ ਗ੍ਰਿਹਿ ਸੇਵਕੁ ਜੋ ਰਹੈ॥ ਗੁਰ ਕੀ ਆਗਿਆ ਮਨ ਮਹਿ ਸਹੈ॥
ਆਪਸ ਕਉ ਕਰਿ ਕਛੁ ਨ ਜਨਾਵੈ॥ ਹਰਿ ਹਰਿ ਨਾਮੁ ਰਿਦੈ ਸਦ ਧਿਆਵੈ॥
ਮਨੁ ਬੇਚੈ ਸਤਿਗੁਰ ਕੈ ਪਾਸਿ॥ ਤਿਸੁ ਸੇਵਕ ਕੇ ਕਾਰਜ ਰਾਸਿ॥
ਸੇਵਾ ਕਰਤ ਹੋਇ ਨਿਹਕਾਮੀ॥ ਤਿਸ ਕਉ ਹੋਤ ਪਰਾਪਤਿ ਸੁਆਮੀ॥ (੨੮੬)

ਜਨ ਦੇ ਲੱਛਣ ਤੇ ਰਹਿਤ ਗੁਰਮਤਿ ਇੰਜ ਫੁਰਮਾਉਂਦੀ ਹੈ:

– ਊਠਤ ਬੈਠਤ ਸੋਵਤ ਨਾਮ॥ ਕਹੁ ਨਾਨਕ ਜਨ ਕੈ ਸਦ ਕਾਮ॥
ਕਰਹਿ ਭਗਤਿ ਆਤਮ ਕੈ ਚਾਇ॥ ਪ੍ਰਭ ਅਪਨੇ ਸਿਉ ਰਹਹਿ ਸਮਾਇ॥
ਜੋ ਹੋਆ ਹੋਵਤ ਸੋ ਜਾਨੈ॥ ਪ੍ਰਭ ਅਪਨੇ ਕਾ ਹੁਕਮੁ ਪਛਾਨੈ॥
ਤਿਸ ਕੀ ਮਹਿਮਾ ਕਉਨ ਬਖਾਨਉ॥ ਤਿਸ ਕਾ ਗੁਨੁ ਕਹਿ ਏਕ ਨ ਜਾਨਉ॥
ਆਠ ਪਹਰ ਪ੍ਰਭ ਬਸਹਿ ਹਜੂਰੇ॥ ਕਹੁ ਨਾਨਕ ਸੇਈ ਜਨ ਪੂਰੇ॥ (੨੮੬)

– ਜਿਨ ਪ੍ਰਭੁ ਜਾਤਾ ਸੁ ਸੋਭਾਵੰਤ॥ ਸਗਲ ਸੰਸਾਰੁ ਉਧਰੈ ਤਿਨ ਮੰਤ॥
ਪ੍ਰਭ ਕੇ ਸੇਵਕ ਸਗਲ ਉਧਾਰਨ॥ ਪ੍ਰਭ ਕੇ ਸੇਵਕ ਦੂਖ ਬਿਸਾਰਨ॥ (੨੮੨)

– ਮਨ ਮੇਰੇ ਤਿਨ ਕੀ ਓਟ ਲੇਹਿ॥ ਮਨੁ ਤਨੁ ਅਪਨਾ ਤਿਨ ਜਨ ਦੇਹਿ॥
ਜਿਨਿ ਜਨਿ ਅਪਨਾ ਪ੍ਰਭੂ ਪਛਾਤਾ॥ ਸੋ ਜਨੁ ਸਰਬ ਥੋਕ ਕਾ ਦਾਤਾ॥
ਤਿਸ ਕੀ ਸਰਨਿ ਸਰਬ ਸੁਖ ਪਾਵਹਿ॥ ਤਿਸ ਕੈ ਦਰਸਿ ਸਭ ਪਾਪ ਮਿਟਾਵਹਿ॥
ਅਵਰ ਸਿਆਨਪ ਸਗਲੀ ਛਾਡੁ॥ ਤਿਸੁ ਜਨ ਕੀ ਤੂ ਸੇਵਾ ਲਾਗੁ॥
ਆਵਨੁ ਜਾਨੁ ਨ ਹੋਵੀ ਤੇਰਾ॥ ਨਾਨਕ ਤਿਸੁ ਜਨ ਕੇ ਪੂਜਹੁ ਸਦ ਪੈਰਾ॥ (੨੮੬)

– ਦਾਸ ਤੁਮਾਰੇ ਕੀ ਪਾਵਉ ਧੂਰਾ ਮਸਤਕਿ ਲੇ ਲੇ ਲਾਵਉ॥
ਮਹਾ ਪਤਿਤ ਤੇ ਹੋਤ ਪੁਨੀਤਾ ਹਰਿ ਕੀਰਤਨ ਗੁਨ ਗਾਵਉ॥ (੭੧੨)

ਅੰਤ ਵਿੱਚ ਉਪਰਲੇ ਸਾਰੇ ਦਿੱਤੇ ਪ੍ਰਮਾਣਾਂ ਵਿੱਚ ਜੋ ਗੁਣ ਸਾਧ, ਸੰਤ, ਗੁਰਮੁਖਿ, ਗੁਰਸਿੱਖ, ਸੇਵਕ, ਭਗਤ, ਜਨ ਦੇ ਦੱਸੇ ਹਨ, ਜਿਨ੍ਹਾਂ ਵਿੱਚ ਇਹ ਗੁਣ ਹਨ, ਉਹੀ ਅਸਲੀ ਜਨ ਹਨ ਅਤੇ ਜਿਨ੍ਹਾਂ ਵਿੱਚ ਉਪਰਲੇ ਲੱਛਣ ਨਹੀਂ ਹਨ ਉਹ ਨਕਲੀ, ਪਾਖੰਡੀ, ਦੰਭੀ, ਦੁਕਾਨਦਾਰ ਹਨ। ਤਾਂ ਤੇ ਜਗਿਆਸੂ ਨੂੰ ਸਾਵਧਾਨ ਰਹਿਣਾ ਚਾਹੀਦਾ ਹੈ ਅਤੇ ਗੁਰਮਤਿ ਦੀ ਕਸਵੱਟੀ ਲਾ ਕੇ ਪਰਖ ਕਰਨੀ ਚਾਹੀਦੀ ਹੈ।